ਬੈੱਡ ਬਗਜ਼ (ਖਟਮਲ) ਖ਼ਤਮ 647-688-3944
Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
Line of Credit Fix Bad Credit Get OSAP Loan 905-965-4644
ਮਰਦਾਨਾ ਕਮਜ਼ੋਰੀ 416-992-5489
ਵਕੀਲ ਦੀ ਲੋੜ ? 905-362-0755
ਬੈੱਡ ਬਗਜ਼ (ਖਟਮਲ) ਖ਼ਤਮ 647-688-3944
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
ਸਸਤੀਆਂ ਹਵਾਈ ਟਿਕਟਾਂ 905-595-1700

ਰੂਹ ਦੀ ਖੁਰਾਕ

ਕੰਵਰ ਸੰਦੀਪ ਸਿੰਘ
email:sunnyb@gmail.com
Cell: 1-416-992-5489

ਇਨਸਾਨ ਬਣਨ ਲਈ ਮੇਰੀ ਜੱਦੋਜਹਿਦ !

ਯੂਨੀਵਰਸਿਟੀਆਂ ਅੱਜਕੱਲ੍ਹ ਬਹੁਤ ਸਾਰੇ ਵਿਸ਼ਿਆਂ ਬਾਰੇ ਪੜ੍ਹਾਉਂਦੀਆਂ ਹਨ, ਪਰ ਚਮਤਕਾਰੀ ਕਾਰਜਾਂ 'ਚ ਡਿਗਰੀ ਪ੍ਰਾਪਤ ਕਰਨਾ ਹਾਲੇ ਵੀ ਸੰਭਵ ਨਹੀਂ। ਤੁਹਾਡਾ ਕੀ ਖ਼ਿਆਲ ਹੈ ਕਿ ਅਜਿਹਾ ਕਿਓਂ ਹੈ? ਕੀ ਇਹ ਅਧਿਆਪਕਾਂ ਦੀ ਘਾਟ ਕਾਰਨ ਹੈ? ਜਾਂ ਕੀ ਇਸ ਲਈ ਵਿਦਿਆਰਥੀਆਂ ਨੂੰ ਦੋਸ਼ੀ ਠਹਿਰਾਇਆ ਜਾ ਸਕਦੈ? ਜ਼ਾਹਿਰ ਹੈ ਕਿ ਬਹੁਤ ਘੱਟ ਲੋਕ ਅਜਿਹੇ ਹੁਨਰ ਨੂੰ ਵਿਕਸਿਤ ਕਰਨ 'ਚ ਦਿਲਚਸਪੀ ਰੱਖਦੇ ਹਨ। ਉਹ ਡਰਦੇ ਹਨ ਕਿ ਇਹ ਉਨ੍ਹਾਂ ਦੀ ਨਿੱਜੀ ਸਥਿਤੀ ਨੂੰ ਖ਼ਤਰੇ 'ਚ ਪਾ ਸਕਦਾ ਹੈ। ਉਹ ਅਜਿਹੀਆਂ ਜ਼ਿੰਮੇਵਾਰੀਆਂ ਆਪਣੇ ਸਿਰ 'ਤੇ ਨਹੀਂ ਲੈਣਾ ਚਾਹੁੰਦੇ ਜੋ ਇਨ੍ਹਾਂ ਸ਼ਕਤੀਆਂ ਦੇ ਨਾਲ ਆਉਂਦੀਆਂ ਹਨ। ਹਾਲ ਹੀ 'ਚ, ਤੁਸੀਂ ਬਹੁਤ ਬਹਾਦਰੀ ਦਿਖਾਉਂਦਿਆਂ ਇੱਕ ਚਮਤਕਾਰ ਨੂੰ ਅੰਜਾਮ ਦੇਣ ਲਈ ਤਿਆਰ ਹੋ ਗਏ ਹੋ। ਤੁਹਾਨੂੰ ਹੁਣ ਸਹਾਇਤਾ ਦੀ ਨਹੀਂ, ਸਿਰਫ਼ ਥੋੜ੍ਹੀ ਜਿਹੀ ਹੱਲਾਸ਼ੇਰੀ ਦੀ ਲੋੜ ਹੈ।

ਇਟਾਲੀਅਨ ਟੂਰਿਸਟ ਬੋਰਡ ਨੇ ਕਦੇ ਵੀ ਅਧਿਕਾਰਿਕ ਤੌਰ 'ਤੇ ਰੋਮ ਆਉਣ ਵਾਲੇ ਸੈਲਾਨੀਆਂ ਨੂੰ ਨਹੀਂ ਕਿਹਾ ਕਿ ਰੋਮ 'ਚ ਆਪਣੇ ਕਿਆਮ ਦੌਰਾਨ ਉਨ੍ਹਾਂ ਨੂੰ ਸਥਾਨਕ ਲੋਕਾਂ ਵਾਂਗ ਵਿਹਾਰ ਕਰਨਾ ਚਾਹੀਦਾ ਹੈ, ਪਰ ਫ਼ਿਰ ਵੀ ਸੈਲਾਨੀਆਂ ਵਲੋਂ ਇਸ ਸਲਾਹ ਦੀ ਵਿਆਪਕ ਤੌਰ 'ਤੇ ਪਾਲਣਾ ਕੀਤੀ ਜਾਂਦੀ ਹੈ। ਸਿਰਫ਼ ਰੋਮ 'ਚ ਹੀ ਨਹੀਂ, ਅਸੀਂ ਆਪਣੇ ਆਲੇ ਦੁਆਲੇ ਦੇ ਲੋਕਾਂ ਦੀਆਂ ਉਦਾਹਰਣਾਂ ਦੀ ਨਕਲ ਕਰਦੇ ਹਾਂ। ਜੇਕਰ ਕੋਈ ਸ਼ੈਅ ਕਿਸੇ ਹੋਰ ਲਈ ਕੰਮ ਕਰਦੀ ਹੈ ਤਾਂ ਅਸੀਂ ਸੋਚਦੇ ਹਾਂ ਕਿ ਉਹ ਸਾਡੇ ਲਈ ਵੀ ਠੀਕ ਹੋਵੇਗੀ। ਅਤੇ ਫ਼ਿਰ ਦੂਸਰੇ ਲੋਕ ਵੀ ਸਾਡੇ ਵੱਲ ਦੇਖਦੇ ਹਨ ਕਿ ਅਸੀਂ ਉਨ੍ਹਾਂ ਦੀ ਨਕਲ ਕਰ ਰਹੇ ਹਾਂ, ਅਤੇ ਜਵਾਬ 'ਚ ਉਹ ਵੀ ਸਾਡੀ ਨਕਲ ਕਰਦੇ ਹਨ। ਪਰ, ਹੁਣ ਤੁਹਾਡੀ ਨਿੱਜੀ ਜ਼ਿੰਦਗੀ 'ਚ, ਮਹੱਤਵਪੂਰਣ ਇਹ ਹੈ, ਨਾ ਕਿ ਜ਼ਰੂਰੀ, ਕਿ ਤੁਸੀਂ ਉਹ ਕਰੋ ਜੋ ਤੁਹਾਡੇ ਲਈ ਸਹੀ ਹੈ, ਨਾ ਕਿ ਉਹ ਜੋ ਕਿਸੇ ਹੋਰ ਲਈ ਠੀਕ ਹੈ।

ਕੀ ਤੁਸੀਂ ਓਹੀ ਖਾਣਾ ਖਾਣਾ ਚਾਹੋਗੇ ਜੋ ਤੁਸੀਂ ਪਿਛਲੇ ਮਹੀਨੇ ਖਾਧਾ ਸੀ? ਮੇਰਾ ਮਤਲਬ ਉਸੇ ਤਰ੍ਹਾਂ ਦਾ ਪਕਵਾਨ ਨਹੀਂ; ਮੇਰੀ ਮੁਰਾਦ ਉਸੇ ਬਹੇ ਖਾਣੇ ਤੋਂ ਹੈ। ਹਾਂ ਜੇ ਤੁਸੀਂ ਉਸ ਖਾਣੇ ਨੂੰ ਬਣਾਉਂਦਿਆਂ ਹੀ ਫ਼ਰੀਜ਼ ਕਰ ਦਿੱਤਾ ਸੀ, ਅਤੇ ਹੁਣ ਤੁਸੀਂ ਉਸ ਨੂੰ ਧਿਆਨ ਨਾਲ ਦੁਬਾਰਾ ਗਰਮ ਕਰ ਰਹੇ ਹੋ ਤਾਂ ਫ਼ਿਰ ਗੱਲ ਦੂਸਰੀ ਹੈ। ਪਰ ਜੇ ਤੁਸੀਂ ਅਜਿਹਾ ਨਹੀਂ ਕੀਤਾ ਤਾਂ ਸ਼ਾਇਦ ਤੁਸੀਂ ਉਹ ਖਾਣਾ ਨਹੀਂ ਖਾਣਾ ਚਾਹੋਗੇ। ਸਮਾਂ ਅੱਗੇ ਵਧਦਾ ਰਹਿੰਦੈ। ਜੇਕਰ ਅਸੀਂ ਕਿਸੇ ਅਨੁਭਵ ਨੂੰ ਦੁਹਰਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਉਸ ਨੂੰ ਤਾਜ਼ੇ ਤੱਤਾਂ ਨਾਲ ਦੁਬਾਰਾ ਸਿਰਜਣਾ ਚਾਹੀਦੈ। ਭਾਵੇਂ ਤੁਸੀਂ ਚੀਜ਼ਾਂ ਨੂੰ ਅੱਗੇ ਵਧਾਉਣਾ ਚਾਹੁੰਦੇ ਹੋਵੋ ਜਾਂ ਉਸੇ ਤਰ੍ਹਾਂ ਹੀ ਕਬੂਲ ਕਰਨਾ ਜਿਵੇਂ ਦੀਆਂ ਉਹ ਹਨ, ਤੁਹਾਨੂੰ ਊਰਜਾ ਅਤੇ ਮਿਹਨਤ ਦਾ ਨਿਵੇਸ਼ ਕਰਨਾ ਪੈਂਦਾ ਹੈ। ਇਸ ਗੱਲ ਬਾਰੇ ਸਾਵਧਾਨ ਰਹੋ ਕਿ ਆਪਣੇ ਭਾਵਨਾਤਮਕ ਜੀਵਨ 'ਚ ਤੁਸੀਂ ਕਿਸੇ ਅਜਿਹੀ ਚੀਜ਼ ਨਾਲ ਕਿੰਨੇ ਨੇੜਲੇ ਸਬੰਧ ਰੱਖਣਾ ਚਾਹੋਗੇ ਜੋ ਤੁਹਾਡੇ ਅਤੀਤ ਦਾ ਹਿੱਸਾ ਹੈ, ਤੁਹਾਡੇ ਭਵਿੱਖ ਦਾ ਨਹੀਂ।

ਇਹ ਇੱਕ ਛੋਟੀ ਜਿਹੀ ਦੁਨੀਆਂ ਹੈ – ਖ਼ਾਸ ਕਰ ਕੇ ਜੇ ਤੁਹਾਡਾ ਮਨ ਛੋਟਾ ਹੋਵੇ ਤਾਂ! ਜਦੋਂ ਅਸੀਂ ਸਿਰਫ਼ ਉਨ੍ਹਾਂ ਚੀਜ਼ਾਂ 'ਤੇ ਧਿਆਨ ਕੇਂਦ੍ਰਿਤ ਕਰਦੇ ਹਾਂ ਜਿਨ੍ਹਾਂ ਬਾਰੇ ਅਸੀਂ ਪਹਿਲਾਂ ਤੋਂ ਜਾਣਦੇ ਹੋਈਏ ਤਾਂ ਸਾਨੂੰ ਮੁੜ-ਮੁੜ ਲੋਕ ਵੀ ਓਹੋ ਜਿਹੇ ਹੀ ਟਕਰਣਗੇ ਜਿਨ੍ਹਾਂ ਦੇ ਵਿਚਾਰ ਅਤੇ ਜਿਨ੍ਹਾਂ ਦੀਆਂ ਰੁਚੀਆਂ ਸਾਡੇ ਨਾਲ ਮੇਲ ਖਾਂਦੇ ਹੋਣ। ਜਿੰਨਾ ਜ਼ਿਆਦਾ ਅਸੀਂ ਸਿੱਖਣ ਲਈ ਤਿਆਰ ਹੋਈਏ, ਓਨਾ ਹੀ ਵੱਧ ਸਾਡੇ ਕੋਲ ਖੋਜਣ ਲਈ ਹੁੰਦੈ। ਇਸ ਵਕਤ ਤੁਹਾਡੇ ਨਿੱਜੀ ਅਤੇ ਭਾਵਨਾਤਮਕ ਜੀਵਨ ਵਿਚਲੇ ਵਿਕਾਸ ਤੁਹਾਡੀ ਬੌਧਿਕ, ਸ਼ਰੀਰਕ ਅਤੇ ਅਧਿਆਤਮਕ ਸਮਝ 'ਚ ਵਾਧਾ ਕਰ ਰਹੇ ਹਨ। ਤੁਹਾਡੇ ਕੋਲ ਸਭ ਮਾਮਲਿਆਂ 'ਚ, ਸਾਰੇ ਪੱਧਰਾਂ 'ਤੇ, ਆਪਣੀਆਂ ਸੀਮਾਵਾਂ ਤੋਂ ਅੱਗੇ ਜਾਣ ਦੇ ਦਿਲਚਸਪ ਮੌਕੇ ਮੌਜੂਦ ਹਨ, ਅਤੇ ਉਹ ਵੀ ਹੈਰਾਨੀਜਨਕ ਹੱਦ ਤਕ ਪ੍ਰੇਰਨਾਦਾਇਕ ਨਤੀਜਿਆਂ ਸਮੇਤ।

ਇਸ ਧਰਤੀ 'ਤੇ ਕਿਸੇ ਨੂੰ ਵੀ ਕੇਵਲ ਚਿੰਤਾ ਕਰਨ, ਕੋਸ਼ਿਸ਼ ਕਰਨ ਜਾਂ ਸੰਘਰਸ਼ ਕਰਨ ਲਈ ਨਹੀਂ ਭੇਜਿਆ ਗਿਆ। ਨਾ ਹੀ ਅਸੀਂ ਇੱਥੇ ਇੱਕ ਦੂਜੇ 'ਚ ਨੁਕਸ ਕੱਢਣ ਲਈ ਆਏ ਹਾਂ। ਅਸੀਂ ਇਹ ਸਭ ਕੁੱਝ ਕਰ ਸਕਦੇ ਹਾਂ ਅਤੇ ਹੋਰ ਵੀ ਬਹੁਤ ਕੁੱਝ, ਪਰ ਜੇਕਰ ਅਸੀਂ ਇਸ ਗੱਲ ਤੋਂ ਜਾਣੂ ਨਹੀਂ ਕਿ ਸਾਡੀ ਜ਼ਿੰਦਗੀ ਇੱਕ ਕਿੰਨਾ ਕੀਮਤੀ ਤੋਹਫ਼ਾ ਹੈ ਤਾਂ ਅਸੀਂ ਆਪਣੇ ਆਪ ਨੂੰ ਨੁਕਸਾਨ ਪਹੁੰਚਾ ਰਹੇ ਹਾਂ। ਇਸ ਤੋਂ ਵੀ ਮਾੜੀ ਗੱਲ ਇਹ ਹੈ ਕਿ ਅਸੀਂ ਉਸ ਹਸਤੀ (ਜਾਂ ਊਰਜਾ) ਦਾ ਅਪਮਾਨ ਕਰ ਰਹੇ ਹਾਂ ਜਿਸ ਨੇ ਸਾਡੇ ਵਜੂਦ ਨੂੰ ਸੁਚਾਰੂ ਬਣਾਉਣ ਦੀ ਦਿਆਲਤਾ ਦਿਖਾਈ ਹੈ। ਜੇਕਰ ਅਸੀਂ ਉਸ ਦੁਆਰਾ ਪਹਿਲਾਂ ਤੋਂ ਹੀ ਦਿੱਤੇ ਗਏ ਤੋਹਫ਼ੇ ਨੂੰ ਖ਼ਾਰਿਜ ਕਰਦੇ ਹਾਂ ਤਾਂ ਉਹ ਸਾਨੂੰ ਹੋਰ ਮਦਦ ਦੀ ਪੇਸ਼ਕਸ਼ ਕਿਓਂ ਕਰੇਗਾ? ਬ੍ਰਹਿਮੰਡ ਦੇ ਸ਼ੁਕਰਗੁਜ਼ਾਰ ਹੋਵੋ, ਅਤੇ ਉਹ ਤੁਹਾਨੂੰ ਧੰਨਵਾਦੀ ਹੋਣ ਲਈ ਹੋਰ ਵੀ ਬਹੁਤ ਕੁੱਝ ਦੇਵੇਗਾ।

Chat GPT ਦੀ ਨਕਲ ਕਰਦੀ Sikh GPT ਦੀ ਜਾਣਕਾਰੀ ਝੂਠੀ ਅਤੇ ਗ਼ਲਤ



ਨਵੀਂ ਦਿੱਲੀ: ਆਧੁਨਿਕ ਤਕਨੀਕ ਨੇ ਹਰ ਕੰਮ ਨੂੰ ਸੁਖਾਲਾ ਕਰ ਦਿੱਤਾ ਹੈ। ਗੱਲ ਆਰਟੀਫ਼ੀਸ਼ੀਅਲ ਇੰਟੈਲੀਜੈਂਸ (AI) ਦੀ ਕਰੀਏ ਤਾਂ ਇਸ ਦੀ ਵਰਤੋਂ ਵੀ ਹੋ ਰਹੀ ਹੈ ਤੇ ਦੁਰਵਰਤੋਂ ਵੀ ਹੋ ਰਹੀ ਹੈ। ਹੁਣ ਹਰ ਸਵਾਲ ਦਾ ਜਵਾਬ AI ਤੋਂ ਲੱਭ ਲਿਆ ਜਾਂਦਾ ਹੈ, ਪਰ ਜਦੋਂ ਧਾਰਮਿਕ ਮਾਮਲਿਆਂ 'ਚ ਇਸ ਤਕਨੀਕ ਦੀ ਸ਼ਮੂਲੀਅਤ ਹੁੰਦੀ ਹੈ ਤਾਂ ਗ਼ਲਤੀਆਂ ਦੀ ਗੁੰਜਾਇਸ਼ ਤੇ ਦੁਰਵਤਰੋਂ ਦਾ ਖ਼ਦਸ਼ਾ ਵੀ ਵੱਧ ਜਾਂਦਾ ਹੈ। ਅਜਿਹਾ ਹੀ ਇੱਕ ਮਾਮਲਾ ਸਾਹਮਣੇ ਆਇਆ ਹੈ ਜਿੱਥੇ hatGPT ਦੀ ਨਕਲ ਕਰਦੀ Sikh GPT ਨਾਮਕ AI ਪਲੈਟਫ਼ੌਰਮ ਨੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰ ਦਿੱਤੇ ਹਨ। ਜਾਣਕਾਰੀ ਅਨੁਸਾਰ Sikh GPT ਦੀ ਸਮੱਗਰੀ 'ਚ ਗੰਭੀਰ ਗ਼ਲਤੀਆਂ ਅਤੇ ਅੰਤਰ ਵਿਰੋਧ ਦਿਖਾਈ ਦਿੱਤੇ ਹਨ। ਇਸ ਮਾਮਲੇ ਦੀ ਸੰਜੀਦਗੀ ਨਾਲ ਜਾਂਚ ਕਰਦਿਆਂ ਯੂਨਾਈਟਿਡ ਸਿਖਸ (UK) ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਰਸਮੀ ਤੌਰ 'ਤੇ ਦਖ਼ਲ ਦੇਣ ਦੀ ਮੰਗ ਕੀਤੀ ਹੈ।

ਐਪ ਸਟੋਰ ਅਤੇ ਗੂਗਲ ਪਲੇਅ 'ਤੇ ਉਪਲਬਧ Sikh GPT ਇੱਕ AI ਆਧਾਰਿਤ ਟੂਲ ਹੈ ਜੋ ਆਪਣੇ ਆਪ ਨੂੰ ਸਿੱਖੀ, ਗੁਰਬਾਣੀ, ਇਤਿਹਾਸ ਅਤੇ ਰਹਿਤ-ਮਰਿਆਦਾ ਨਾਲ ਸਬੰਧਤ ਸਵਾਲਾਂ ਦੇ ਜਵਾਬ ਦੇਣ ਵਾਲਾ ਪਲੈਟਫ਼ੌਰਮ ਹੋਣ ਦਾ ਦਾਅਵਾ ਕਰਦਾ ਹੈ, ਉਹ ਵੀ ਡਿਸਕਲੇਮਰਾਂ ਸਮੇਤ, ਪਰ ਯੂਨਾਈਟਿਡ ਸਿਖਸ (UK) ਅਨੁਸਾਰ ਇਸ ਪਲੈਟਫ਼ੌਰਮ ਵਲੋਂ ਦਿੱਤੇ ਜਾ ਰਹੇ ਕਈ ਜਵਾਬ ਬਾਣੀ ਨਾਲ ਮੇਲ ਨਹੀਂ ਖਾਂਦੇ, ਤੱਥਾਂ ਤੋਂ ਵੱਖ ਤੇ ਅਧੂਰੇ ਹਨ ਤੇ ਕਾਫ਼ੀ ਗ਼ਲਤ ਵੀ ਹਨ।

ਯੂਨਾਈਟਿਡ ਸਿਖਸ ਨੇ ਚੁੱਕਿਆ ਮੁੱਦਾ: ਇਹ ਮਾਮਲਾ ਯੂਨਾਈਟਿਡ ਸਿਖਸ (UK) ਦੇ ਕਮਿਊਨੀਕੇਸ਼ਨਜ਼ ਅਤੇ ਐਡਵੋਕੇਸੀ ਡਾਇਰੈਕਟਰ ਹਰਮੀਤ ਸ਼ਾਹ ਸਿੰਘ, ਜੋ ਇੱਕ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਦੇ ਤਜਰਬੇਕਾਰ ਜਾਂਚ ਪੱਤਰਕਾਰ ਅਤੇ ਸੰਪਾਦਕ ਰਹੇ ਹਨ, ਨੇ ਚੁੱਕਿਆ ਹੈ। ਉਨ੍ਹਾਂ ਨੇ Sikh GPT 'ਤੇ ਸੁਚੱਜੇ, ਤੱਥ-ਆਧਾਰਿਤ ਅਤੇ ਪਰਖਯੋਗ ਪ੍ਰੌਂਪਟਸ ਦੇ ਕੇ ਉਸ ਦੀ ਸਮੱਗਰੀ ਦੀ ਜਾਂਚ ਕੀਤੀ। ਇਨ੍ਹਾਂ ਪ੍ਰੌਂਪਟਸ ਰਾਹੀਂ ਦਿੱਤੇ ਗਏ ਜਵਾਬਾਂ 'ਚ ਗ਼ਲਤ ਪੰਕਤੀਆਂ ਨੂੰ ਗੁਰਬਾਣੀ ਵਜੋਂ ਦਰਸਾਇਆ ਗਿਆ ਅਤੇ ਬਾਣੀ ਦੇ ਅੱਖਰਾਂ, ਅੰਗਾਂ ਦੇ ਅੰਕਾਂ ਸਬੰਧੀ ਗੰਭੀਰ ਗ਼ਲਤੀਆਂ ਸਾਹਮਣੇ ਆਈਆਂ ਜਿਸ ਨਾਲ ਇਹ ਸਪਸ਼ੱਟ ਹੋ ਗਿਆ ਕਿ ਪਲੈਟਫ਼ੌਰਮ ਭਰੋਸੇਯੋਗ ਧਾਰਮਿਕ ਸਰੋਤ ਵਜੋਂ ਕੰਮ ਕਰਨ ਦੇ ਯੋਗ ਨਹੀਂ।

ਸੰਸਥਾ ਦਾ ਕਹਿਣਾ ਹੈ ਕਿ ਜੇ ਇਹ ਗ਼ਲਤੀਆਂ ਸਮੇਂ 'ਤੇ ਉਜਾਗਰ ਨਾ ਕੀਤੀਆਂ ਜਾਂਦੀਆਂ ਤਾਂ Sikh GPT ਚੁੱਪਚਾਪ AI ਜਗਤ 'ਚ ਕੰਮ ਕਰਦਾ ਰਹਿੰਦਾ ਅਤੇ ਨਵੀਂ ਪੀੜ੍ਹੀ ਤਕ ਗ਼ਲਤ ਜਾਣਕਾਰੀ ਪਹੁੰਚਾਉਂਦਾ ਰਹਿੰਦਾ। ਇਹ ਪਲੈਟਫ਼ੌਰਮ ਬਿਨਾਂ ਕਿਸੇ ਪੰਥਕ ਨਿਗਰਾਨੀ ਦੇ ਇੱਕ ਅਣਉਪਚਾਰਿਕ ਧਾਰਮਿਕ ਅਥੌਰਿਟੀ ਵਾਂਗ ਵਰਤਿਆ ਜਾਣ ਲੱਗ ਪੈਂਦਾ।

ਯੂਨਾਈਟਿਡ ਸਿਖਸ (UK) ਅਨੁਸਾਰ ਇਹ ਮਾਮਲਾ ਸਾਫ਼ ਤੌਰ 'ਤੇ ਦੱਸਦਾ ਹੈ ਕਿ ਮੌਜੂਦਾ ਏਆਈ ਦੇ ਦੌਰ 'ਚ ਫ਼ੈਕਟ-ਚੈਕਿੰਗ ਸਭ ਤੋਂ ਮਹੱਤਵਪੂਰਣ ਜ਼ਿੰਮੇਵਾਰੀ ਬਣ ਚੁੱਕੀ ਹੈ। ਤਕਨੀਕੀ ਜਵਾਬ ਭਰੋਸੇਯੋਗ ਨਹੀਂ ਹੁੰਦੇ, ਖ਼ਾਸ ਕਰ ਕੇ ਜਦੋਂ ਮਾਮਲਾ ਧਾਰਮਿਕ, ਇਤਿਹਾਸਕ ਅਤੇ ਆਤਮਿਕ ਸੱਚਾਈ ਨਾਲ ਜੁੜਿਆ ਹੋਵੇ। 24 ਜਨਵਰੀ 2026 ਨੂੰ ਭੇਜੇ ਗਏ ਵਿਸਥਾਰਤ ਪੱਤਰ ਰਾਹੀਂ ਯੂਨਾਈਟਿਡ ਸਿਖਸ (UK) ਵਲੋਂ ਹਰਮੀਤ ਸ਼ਾਹ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮੰਗ ਕੀਤੀ ਹੈ ਕਿ Sikh GPT ਵਰਗੇ AI ਪਲੈਟਫ਼ੌਰਮਾਂ ਦੀ ਪੰਥਕ ਜਾਂਚ ਕੀਤੀ ਜਾਵੇ, ਸਿੱਖੀ ਨਾਲ ਸਬੰਧਤ AI ਵਰਤੋਂ ਲਈ ਦਿਸ਼ਾ-ਨਿਰਦੇਸ਼ ਨਿਰਧਾਰਿਤ ਕੀਤੇ ਜਾਣ ਅਤੇ ਲੋੜ ਪੈਣ 'ਤੇ ਸਬੰਧਤ ਪੱਖ ਨੂੰ ਕਾਰਨ-ਦੱਸੋ ਨੋਟਿਸ ਜਾਰੀ ਕੀਤਾ ਜਾਵੇ। ਇਹ ਪੱਤਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤਕ ਭੇਜਿਆ ਗਿਆ ਹੈ।

ਮਰਦਾਨਾ ਕਮਜ਼ੋਰੀ 416-992-5489

ਧਰਮਿੰਦਰ ਸਣੇ ਪੰਜ ਨੂੰ ਪਦਮ ਵਿਭੂਸ਼ਣ, 13 ਨੂੰ ਪਦਮ ਭੂਸ਼ਣ ਅਤੇ 113 ਨੂੰ ਪਦਮ ਸ਼੍ਰੀ

ਨਵੀਂ ਦਿੱਲੀ: ਭਾਰਤ ਸਰਕਾਰ ਨੇ ਸਾਲ 2026 ਦੇ ਵੱਕਾਰੀ ਪਦਮ ਪੁਰਸਕਾਰਾਂ ਦਾ ਐਲਾਨ ਕਰ ਦਿੱਤਾ ਹੈ। ਇਸ ਸਾਲ ਕਲਾ, ਖੇਡਾਂ ਅਤੇ ਹੋਰ ਖੇਤਰਾਂ 'ਚ ਅਹਿਮ ਯੋਗਦਾਨ ਪਾਉਣ ਵਾਲੀਆਂ ਸ਼ਖ਼ਸੀਅਤਾਂ ਨੂੰ ਚੁਣਿਆ ਗਿਆ ਹੈ। ਇਸ ਵਾਰ ਸਿਨੇਮਾ ਜਗਤ ਦੇ ਦਿੱਗਜ ਅਤੇ ਮਰਹੂਮ ਅਦਾਕਾਰ ਧਰਮਿੰਦਰ ਨੂੰ ਮਰਨ ਉਪਰੰਤ ਦੇਸ਼ ਦੇ ਦੂਜੇ ਸਭ ਤੋਂ ਵੱਡੇ ਨਾਗਰਿਕ ਸਨਮਾਨ ਪਦਮ ਵਿਭੂਸ਼ਣ ਨਾਲ ਨਿਵਾਜਿਆ ਜਾਵੇਗਾ। ਉਨ੍ਹਾਂ ਸਮੇਤ ਕੁੱਲ ਪੰਜ ਸ਼ਖ਼ਸੀਅਤਾਂ ਨੂੰ ਇਹ ਸਰਵਉੱਚ ਸਨਮਾਨ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ।

ਰੋਹਿਤ ਸ਼ਰਮਾ ਨੂੰ ਮਿਲੇਗਾ ਪਦਮ ਸ਼੍ਰੀ: ਖੇਡ ਜਗਤ ਲਈ ਵੀ ਇਹ ਖ਼ੁਸ਼ੀ ਦੀ ਖ਼ਬਰ ਹੈ ਕਿ ਭਾਰਤੀ ਕ੍ਰਿਕਟ ਟੀਮ ਦੇ ਸਟਾਰ ਖਿਡਾਰੀ ਰੋਹਿਤ ਸ਼ਰਮਾ ਨੂੰ ਪਦਮ ਸ਼੍ਰੀ ਐਵਾਰਡ ਲਈ ਚੁਣਿਆ ਗਿਆ ਹੈ। ਰੋਹਿਤ ਸ਼ਰਮਾ ਸਮੇਤ ਕੁੱਲ 113 ਲੋਕਾਂ ਨੂੰ ਇਸ ਸਾਲ ਪਦਮ ਸ਼੍ਰੀ ਪੁਰਸਕਾਰ ਦਿੱਤਾ ਜਾਵੇਗਾ। ਸਰਕਾਰ ਵਲੋਂ ਜਾਰੀ ਸੂਚੀ ਅਨੁਸਾਰ 13 ਸ਼ਖ਼ਸੀਅਤਾਂ ਨੂੰ ਪਦਮ ਭੂਸ਼ਣ ਐਵਾਰਡ ਨਾਲ ਸਨਮਾਨਿਤ ਕੀਤਾ ਜਾਵੇਗਾ। ਪਦਮ ਪੁਰਸਕਾਰਾਂ ਦੀ ਇਹ ਲਿਸਟ ਦੇਸ਼ ਦੇ ਵਿਕਾਸ ਤੇ ਵੱਖ-ਵੱਖ ਖੇਤਰਾਂ 'ਚ ਨਾਮ ਰੌਸ਼ਨ ਕਰਨ ਵਾਲੇ ਹੀਰਿਆਂ ਦੀ ਕਦਰ ਕਰਦੀ ਹੈ।

ਬੈੱਡ ਬਗਜ਼ (ਖਟਮਲ) ਖ਼ਤਮ 647-688-3944
Line of Credit Fix Bad Credit Get OSAP Loan 905-965-4644
ਲੀਗਲ ਸੇਵਾਵਾਂ 905-913-2355
ਇੰਡੀਅਨ ਵੀਜ਼ਾ OCI & Passport Renewal 514-389-7070
ਦੰਦਾਂ ਦੀ ਦੇਖਭਾਲ 905-450-5600
ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100
ਵਕੀਲ ਦੀ ਲੋੜ ? 905-362-0755
ਦੰਦਾਂ ਦੀ ਸਫ਼ਾਈ FREE ਮੁਫ਼ਤ 905-458-3344 With CDCP
ਇੰਡੀਅਨ ਵੀਜ਼ਾ OCI & Passport Renewal 514-389-7070
ਦੰਦਾਂ ਦੀ ਦੇਖਭਾਲ 905-450-5600
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
ਲੀਗਲ ਸੇਵਾਵਾਂ 905-913-2355
ਮਰਦਾਨਾ ਕਮਜ਼ੋਰੀ 416-992-5489